Roll No. ..................

Total No. of Questions : 32]

**035**

[Total No. of Printed Pages : 8

**SS**

**2117**

**ਸਲਾਨਾ ਪਰੀਖਿਆ ਪ੍ਰਣਾਲੀ**

# RELIGION (Theory)

**(Punjabi, Hindi and English Versions)**

Time allowed : Three hours

Maximum marks : 90

## (Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **035** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਇਸ ਪ੍ਰਸ਼ਨ-ਪੱਤਰ ਦੇ ਕੁਲ 32 ਪ੍ਰਸ਼ਨ ਭਾਗ–ੳ, ਅ, ੲ, ਸ ਵਿੱਚ ਦਿੱਤੇ ਗਏ ਹਨ ।

(v) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(vi) ਭਾਗ–ੳ ਵਿੱਚ ਵਸਤੂਨਿਸ਼ਠ 10 ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦਿਓ । ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ । $10\times1=10$

(vii) ਭਾਗ–ਅ ਵਿੱਚ 8 ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦੇਣੇ ਹਨ । ਹਰੇਕ ਪ੍ਰਸ਼ਨ 2-2 ਅੰਕਾਂ ਦਾ ਹੈ । $8\times2=16$

(viii) ਭਾਗ–ੲ ਵਿੱਚ 10 ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹਨ ਜਿਨ੍ਹਾਂ ਵਿੱਚੋਂ 3 ਪ੍ਰਸ਼ਨ ਅੰਦਰੂਨੀ ਛੋਟ ਵਾਲੇ ਹਨ ਜਿਨ੍ਹਾਂ ਦੇ ਉੱਤਰ 60-70 ਸ਼ਬਦਾਂ ਵਿੱਚ ਦੇਣੇ ਹਨ । ਹਰੇਕ ਪ੍ਰਸ਼ਨ 4-4 ਅੰਕਾਂ ਦਾ ਹੈ । $10\times4=40$

(ix) ਭਾਗ–ਸ ਵਿੱਚ ਲੰਬੇ ਉੱਤਰਾਂ ਵਾਲੇ 4 ਪ੍ਰਸ਼ਨ ਹਨ ਜਿਨ੍ਹਾਂ ਵਿੱਚ ਅੰਦਰੂਨੀ ਛੋਟ ਹੈ । ਹਰੇਕ ਪ੍ਰਸ਼ਨ 6-6 ਅੰਕਾਂ ਦਾ ਹੈ । ਹਰੇਕ ਪ੍ਰਸ਼ਨ ਦਾ ਉੱਤਰ 1½ ਤੋਂ 2 ਪੰਨਿਆਂ ਵਿੱਚ ਦੇਣਾ ਹੈ । $4\times6=24$

### ਭਾਗ–ੳ

1. ਯੱਗ ਸਮੇਂ ਅੱਹੁਤੀ ਦੇਣ ਵਾਲੇ ਪੁਜਾਰੀਆਂ ਨੂੰ ਕੀ ਕਿਹਾ ਜਾਂਦਾ ਹੈ ? 1
2. ਮਹਾਤਮਾ ਬੁੱਧ ਦੇ ਪਿਤਾ ਜੀ ਦਾ ਕੀ ਨਾਂ ਸੀ ? 1
3. ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਿੱਥੇ ਕੀਤਾ ਗਿਆ ? 1
4. ਅਸ਼ਟ ਮਾਰਗ ਦਾ ਸੰਬੰਧ ਕਿਹੜੇ ਧਰਮ ਨਾਲ ਹੈ ? 1
5. ਪੰਗਤ ਤੋਂ ਕੀ ਭਾਵ ਹੈ ? 1
6. ਅਕਾਲ ਪੁਰਖ ਦਾ ਕੋਈ ਇੱਕ ਲੱਛਣ ਦੱਸੋ । 1

7. ਗੁਰੂ ਹਰਿ ਕ੍ਰਿਸ਼ਨ ਜੀ ਕਦੋਂ ਅਤੇ ਕਿਥੇ ਜੋਤੀ-ਜੋਤ ਸਮਾ ਗਏ ਸਨ ? 1

8. ਭਾਰਤ ਦਾ ਸਭ ਤੋਂ ਵੱਡਾ ਮਹਾ ਕਾਵਿ ਕਿਹੜਾ ਹੈ ? 1

9. ਗੀਤਾ ਦੇ ਤਿੰਨ ਯੋਗ ਕਿਹੜੇ ਹਨ ? 1

10. ਜੈਨ ਧਰਮ ਦੇ ਪਹਿਲੇ ਤੀਰਥੰਕਰ ਦਾ ਕੀ ਨਾਂ ਸੀ ? 1

### ਭਾਗ–ਅ

11. ਰਿਗਵੇਦਿਕ ਆਰੀਆਂ ਦੀ ਪੂਜਾ ਦੇ ਢੰਗ ਬਾਰੇ ਤੁਸੀਂ ਕੀ ਜਾਣਦੇ ਹੋ ? 2

12. ਬੁੱਧ ਧਰਮ ਵਿੱਚ ਤਿੰਨ ਲਛਣਾਂ ਤੋਂ ਕੀ ਭਾਵ ਹੈ ? 2

13. ਆਦਿ ਗ੍ਰੰਥ ਸਾਹਿਬ ਜੀ ਨੂੰ ਗੁਰੂ ਦੀ ਪਦਵੀਂ ਕਦੋਂ ਅਤੇ ਕਿਸਨੇ ਦਿਤੀ ? 2

14. ਮਹਾਤਮਾ ਬੁੱਧ ਦੇ ਅਸ਼ਟ ਮਾਰਗ ਤੋਂ ਕੀ ਭਾਵ ਹੈ ? 2

15. ਮੂਲ ਮੰਤਰ ਦੀ ਸੰਖੇਪ ਵਿਆਖਿਆ ਕਰੋ । 2

16. ਉਪਨਿਸ਼ਦਾਂ ਅਨੁਸਾਰ ਬ੍ਰਹਮ ਦਾ ਕੀ ਸਰੂਪ ਹੈ ? 2

17. ਤ੍ਰਿ-ਰਤਨ ਤੋਂ ਕੀ ਭਾਵ ਹੈ ? 2

18. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਦੋ ਮੁੱਖ ਕਾਰਨ ਦੱਸੋ । 2

### ਭਾਗ–ੲ

19. ਗੁਰੂ ਨਾਨਕ ਦੇਵ ਜੀ ਦੀਆਂ ਕੋਈ ਚਾਰ ਸਿੱਖਿਆਵਾਂ ਦਾ ਵਰਨਣ ਕਰੋ । 4

ਜਾਂ

ਮਸੰਦ ਪ੍ਰਥਾ ਬਾਰੇ ਸੰਖੇਪ ਵੇਰਵਾ ਦਿਓ । 4

20. ਮੀਰੀ ਅਤੇ ਪੀਰੀ ਬਾਰੇ ਤੁਸੀਂ ਕੀ ਜਾਣਦੇ ਹੋ ? 4

ਜਾਂ

ਖਾਲਸਾ ਦੀ ਸਥਾਪਨਾ ਦਾ ਕੀ ਮਹੱਤਵ ਸੀ ? 4

21. ਵੈਦਿਕ ਸਾਹਿਤ ਦੇ ਅਨੁਸਾਰ ਮੋਕਸ਼ ਤੋਂ ਕੀ ਭਾਵ ਹੈ ? 4

ਜਾਂ

ਮਹਾਂਕਾਵਿ ਤੋਂ ਕੀ ਭਾਵ ਹੈ ਅਤੇ ਇਸਦਾ ਕੀ ਮਹਤੱਵ ਹੈ ? 4

22. ਪੰਜ ਕੋਸ਼ਾਂ ਦੇ ਸਿਧਾਂਤ ਬਾਰੇ ਤੁਸੀਂ ਕੀ ਜਾਣਦੇ ਹੋ ? 4

23. ਸ਼ੇਵਤਾਂਬਰ 'ਤੇ ਇੱਕ ਨੋਟ ਲਿਖੋ । 4

24. ਇੰਦਰ ਬਾਰੇ ਤੁਸੀਂ ਕੀ ਜਾਣਦੇ ਹੋ ? 4

25. ਮਹਾਯਾਨ 'ਤੇ ਇੱਕ ਨੋਟ ਲਿਖੋ । 4

26. ਆਦਿ ਗ੍ਰੰਥ ਜੀ ਦੇ ਮਹੱਤਵ ਬਾਰੇ ਤੁਸੀਂ ਕੀ ਜਾਣਦੇ ਹੋ ? 4

27. ਬੁੱਧ ਧਰਮ ਦੀਆਂ ਚਾਰ ਪਾਵਨ ਸਚਾਈਆਂ ਕੀ ਹਨ ? 4

28. ਸਿੱਖ ਧਰਮ ਵਿੱਚ ਨਾਮ ਜੱਪਣ ਦਾ ਕੀ ਮਹੱਤਵ ਹੈ ? 4

ਭਾਗ–ਸ

29. ਬੁੱਧ ਧਰਮ ਦੇ ਵਿਕਾਸ ਵਿੱਚ ਰਾਜਾ ਅਸ਼ੋਕ ਦਾ ਕੀ ਯੋਗਦਾਨ ਸੀ ? 6

ਜਾਂ

ਗੁਰੂ ਗੋਬਿੰਦ ਜੀ ਦੇ ਜੀਵਨ ਅਤੇ ਪ੍ਰਾਪਤੀਆਂ ਦਾ ਵੇਰਵਾ ਦਿਓ । 6

30. ਗੁਰੂ ਅਰਜਨ ਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੇ ਨੋਟ ਲਿਖੋ । 6

ਜਾਂ

ਧਰਮ ਸ਼ਾਸਤਰਾਂ ਤੋਂ ਤੁਸੀਂ ਕੀ ਸਮਝਦੇ ਹੋ ? ਪ੍ਰਮੁੱਖ ਸ਼ਾਸਤਰਾਂ ਤੇ ਨੋਟ ਲਿਖੋ । 6

31. ਜੈਨ ਧਰਮ ਦੀਆਂ ਨੈਤਿਕ ਸਿਖਿਆਵਾਂ ਬਾਰੇ ਚਰਚਾ ਕਰੋ । 6

ਜਾਂ

ਅਸ਼ਟ ਮਾਰਗ ਦੀ ਸੰਖੇਪ ਵਿਆਖਿਆ ਕਰੋ । 6

32. ਵੰਡ ਛਕਣਾ ਉੱਪਰ ਨੋਟ ਲਿਖੋ । 6

ਜਾਂ

ਸਿੱਖ ਧਰਮ ਵਿੱਚ 'ਹੁੱਕਮ' ਸੰਕਲਪ ਦਾ ਵਰਨਣ ਕਰੋ । 6